# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

ਵੱਲ

1. ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿੱ/ ਐ.ਸਿੱ), ਪੰਜਾਬ।
2. ਸਮੂਹ ਸਕੂਲ ਮੁੱਖੀ, ਪੰਜਾਬ।
3. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ।

ਮੀਮੋ ਨੰ: ਡਿਪਟੀ ਐਸ.ਪੀ.ਡੀ (ਪੀ.ਈ.ਡੀ.ਬੀ)/ 2019/20192190 50

ਮਿਤੀ: 31.07.2019

**ਵਿਸ਼ਾ:** <u>**ਆਨਲਾਈਨ ਬਦਲੀਆਂ-2019 ਦੇ ਹੁਕਮ ਲਾਗੂ ਕਰਨ ਸਬੰਧੀ।**</u>

<u>***(ਪੋਸਟ ਨਾ ਹੋਣ ਦੀ ਸੂਰਤ ਵਿੱਚ ਜੁਆਇੰਨ ਕਰਵਾਉਣ ਸਬੰਧੀ)***</u>

1.0 ਚਾਲੂ ਬਦਲੀ ਦੀ ਪ੍ਰੀਕ੍ਰਿਆ ਸਬੰਧੀ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਬਦਲੀ ਅਧੀਨ ਅਧਿਆਪਕਾਂ ਨੂੰ ਕੁਝ ਸਕੂਲ ਮੁੱਖੀਆਂ/ਡੀ.ਡੀ.ਓਜ ਵਲੋਂ ਇਸ ਕਾਰਨ ਜੁਆਇੰਨ/ਰਲੀਵ ਨਹੀਂ ਕਰਵਾਇਆ ਜਾ ਰਿਹਾ ਕਿਉਂਕਿ ਸਬੰਧਤ ਸਕੂਲ ਵਿਖੇ ਬਦਲੀ ਅਧੀਨ ਅਧਿਆਪਕ ਦੇ ਵਿਸ਼ੇ/ਅਹੁੱਦੇ ਦੀ ਪੋਸਟ ਨਹੀਂ ਹੈ।

2.0 ਇਸ ਸਬੰਧੀ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਵੱਖ ਵੱਖ ਸਕੂਲਾਂ ਵਿੱਚ ਜੋ ਖਾਲੀ ਅਸਾਮੀਆਂ ਉਪਲਬਧ ਸਨ ਉਹਨਾਂ ਨੂੰ ਹੀ ਵਿਭਾਗ ਦੇ ਪੋਰਟਲ ਉੱਤੇ ਬਦਲੀ ਲਈ ਉਪਲਬਧ ਦਰਸਾਇਆ ਗਿਆ ਸੀ ਅਤੇ ਇਹਨਾਂ ਅਨੁਸਾਰ ਹੀ ਬਦਲੀ ਦੇ ਹੁਕਮ ਜਾਰੀ ਕੀਤੇ ਗਏ ਹਨ।

ਇਸ ਲਈ ਕਿਸੇ ਵੀ ਬਦਲੀ ਅਧੀਨ ਅਧਿਆਪਕ ਨੂੰ ਡੀ.ਈ.ਓ/ਸਕੂਲ ਮੁੱਖੀਆਂ/ਡੀ.ਡੀ.ਓਜ ਵਲੋਂ ਜੁਆਇਨ/ਰਲੀਵ੍ ਕਰਨ ਤੋਂ ਕੇਵਲ ਇਸ ਆਧਾਰ ਤੇ ਰੋਕਿਆ ਨਾ ਜਾਵੇ ਕਿ ਸਬੰਧਤ ਸਕੂਲ ਵਿਖੇ ਪੋਸਟ ਨਹੀਂ ਹੈ।

ਅਜਿਹੇ ਅਧਿਆਪਕਾਂ ਨੂੰ ਬਦਲੀ ਦੇ ਹੁਕਮਾਂ ਅਨੁਸਾਰ ਜੁਆਇੰਨ/ਰਲੀਵ ਕੀਤਾ ਜਾਵੇ ਬਸ਼ਰਤੇ ਕਿ ਉਹ ਟ੍ਰਾਂਸਫਰ ਪਾਲਿਸੀ/ਹਦਾਇਤਾਂ ਦੀਆਂ ਬਾਕੀ ਸ਼ਰਤਾਂ ਪੂਰੀਆਂ ਕਰਦੇ ਹੋਣ।

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ**